brampton.ca BRAMPTON Flower City

media release

30 ਅਕਤੂਬਰ, 2018

# ਸਿਟੀ ਨੇ ਭੰਗ ਦੇ ਰਿਟੇਲ ਸਟੋਰਾਂ ਬਾਰੇ ਜਨਤਕ ਰਾਏ ਮੰਗੀ

*ਟੈਲੀਫੋਨ ਸਰਵੇਖਣ ਅਤੇ ਔਨਲਾਈਨ ਜਨਤਕ ਮਤਦਾਨ ਸ਼ੁਰੂ ਕੀਤਾ ਗਿਆ*

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਆਪਣੇ ਨਿਵਾਸੀਆਂ ਨੂੰ ਇਸ ਬਾਰੇ ਆਪਣੀ ਰਾਏ ਦੇਣ ਲਈ ਆਖ ਰਹੀ ਹੈ ਕਿ ਬ੍ਰੈਂਪਟਨ ਵਿੱਚ ਭੰਗ (ਕੈਨਬੀਜ) ਦੇ ਰਿਟੇਲ ਸਟੋਰ ਚਲਾਉਣ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਨਹੀਂ। ਭੰਗ ਦੇ ਰਿਟੇਲ ਸਟੋਰਾਂ ਬਾਰੇ ਇੱਕ ਟੈਲੀਫੋਨ ਸਰਵੇਖਣ ਅਤੇ ਇੱਕ online public poll (ਔਨਲਾਈਨ ਜਨਤਕ ਮਤਦਾਨ) ਨਵੀਂ ਸਿਟੀ ਕਾਉਂਸਿਲ ਇਹ ਦੱਸਣ ਵਿੱਚ ਮਦਦ ਕਰਨ ਲਈ ਜਨਤਾ ਤੋਂ ਰਾਏ ਲਵੇਗੀ।

**ਸੁਰਖੀਆਂ**

- ਸਿਟੀ ਨੇ ਵੱਖ-ਵੱਖ ਜਨਅੰਕੜੇ ਪੇਸ਼ ਕਰਦੇ ਹੋਏ ਨਮੂਨੇ ਦੇ ਤੌਰ 'ਤੇ ਬ੍ਰੈਂਪਟਨ ਦੇ ਕੁੱਲ 800 ਨਿਵਾਸੀਆਂ ਵਿਚਕਾਰ ਇੱਕ ਟੈਲੀਫੋਨ ਸਰਵੇਖਣ ਕਰਨ ਲਈ, ਤੀਜੀ ਧਿਰ ਕੰਪਨੀ, ਐਨਵਾਇਰੋਨਿਕਸ (Environics) ਨੂੰ ਸ਼ਾਮਲ ਕੀਤਾ ਹੈ। ਟੈਲੀਫੋਨ ਸਰਵੇਖਣ ਇਸ ਹਫ਼ਤੇ ਦੇ ਅੰਤ ਵਿੱਚ ਸ਼ੁਰੂ ਹੋਵੇਗਾ।
- ਟੈਲੀਫੋਨ ਸਰਵੇਖਣ ਵਿੱਚ ਸਹਾਇਕ ਵਜੋਂ, ਹੁਣ ਸਿਟੀ ਦੀ ਵੈਬਸਾਈਟ 'ਤੇ ਇੱਕ online poll (ਔਨਲਾਈਨ ਮਤਦਾਨ) ਉਪਲਬਧ ਹੈ। ਮਤਦਾਨ 9 ਨਵੰਬਰ, 2018 ਨੂੰ ਰਾਤ 11:59 ਵਜੇ ਬੰਦ ਹੁੰਦਾ ਹੈ।
- ਟੈਲੀਫੋਨ ਸਰਵੇਖਣ ਅਤੇ online poll (ਔਨਲਾਈਨ ਮਤਦਾਨ) ਦੋਵਾਂ ਦੇ ਨਤੀਜੇ ਇੱਕ ਸੂਚਿਤ ਫ਼ੈਸਲਾ ਕਰਨ ਵਿੱਚ ਕਾਉਂਸਿਲ ਦੀ ਮਦਦ ਲਈ, 5 ਦਸੰਬਰ, 2018 ਨੂੰ ਸਿਟੀ ਕਾਉਂਸਿਲ ਦੇ ਸਨਮੁਖ ਪੇਸ਼ ਕੀਤੇ ਜਾਣ ਲਈ, ਸਟਾਫ਼ ਦੀ ਰਿਪੋਰਟ ਲਈ ਸਹਾਇਕ ਹੋਣਗੇ।

ਰਿਟੇਲ ਸਟੋਰਾਂ ਬਾਰੇ ਵੇਰਵਿਆਂ ਸਮੇਤ, ਭੰਗ ਬਾਰੇ ਹੋਰ ਵੇਰਵਿਆਂ ਲਈ, www.brampton.ca 'ਤੇ FAQs (ਅਕਸਰ ਪੁੱਛੇ ਜਾਂਦੇ ਸਵਾਲ) ਪੜ੍ਹੋ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca